# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 03 ਅਪ੍ਰੈਲ 2024 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬੀ ਫਿਲਮ ਤੇ ਟੀ ਵੀ ਐਕਟਰ ਐਸੋਸੀਏਸ਼ਨ ਵੱਲੋਂ ਸੌਂ ਜਾ ਬੱਬੂਆ ਵਾਲੇ ਕਮਲਜੀਤ ਨੀਲੋਂ ਦਾ ਵਿਸ਼ੇਸ਼ ਸਨਮਾਨ

ਬਲਬੀਰ ਸਿੰਘ ਬੱਬੀ



ਜਲੰਧਰ 3 ਅਪ੍ਰੈਲ : ਪੰਜਾਬੀ ਗਾਇਕੀ ਦੇ ਅਨਮੋਲ ਖਜ਼ਾਨੇ ਦੇ ਵਿੱਚ ਇੱਕ ਨਹੀਂ ਅਨੇਕਾਂ ਕਲਾਕਾਰ ਸਮੇਂ ਸਮੇਂ ਉੱਤੇ ਆਪਣੇ ਰੰਗ ਦਿਖਾਉਂਦੇ ਹਨ ਜੋ ਕਦੇ ਵੀ ਨਹੀਂ ਭੁਲਾਏ ਜਾ ਸਕਦੇ। ਗਾਇਕੀ ਦੀਆਂ ਅਨੇਕਾਂ ਅਲੱਗ ਅਲੱਗ ਵੰਨਗੀਆਂ ਦੇ ਵਿੱਚ ਗੀਤਕਾਰ ਤੇ ਗਾਇਕ ਅਨੇਕਾਂ ਤਰ੍ਹਾਂ ਦੀ ਗਾਇਕੀ ਪੇਸ਼ ਕਰਦੇ ਹਨ। ਦੂਰਦਰਸ਼ਨ ਕੇਂਦਰ ਜਲੰਧਰ ਤੋਂ ਪੰਜਾਬੀ ਗਾਇਕੀ ਦੇ ਵਿੱਚ ਬਹੁਤ ਕੁਝ ਨਵੇਂ ਰੂਪ ਵਿੱਚ ਸਾਹਮਣੇ ਆਇਆ ਤੇ ਨਵੇਂ ਨਵੇਂ ਤਜਰਬੇ ਹੋਏ ਅਨੇਕਾਂ ਪ੍ਰੋਗਰਾਮ ਪੰਜਾਬੀ ਗਾਇਕੀ ਦੇ ਨਾਲ ਸੰਬੰਧਿਤ ਚੱਲੇ ਅਨੇਕਾਂ ਗਾਇਕ ਕਲਾਕਾਰ ਦੂਰਦਰਸ਼ਨ ਦੇ ਵਿਹੜੇ ਵਿੱਚੋਂ ਕਾਮਯਾਬ ਹੋ ਕੇ ਨਿਕਲੇ। ਜਦੋਂ ਗਾਇਕੀ ਦੇ ਵਿੱਚ ਬਾਲ ਗਾਇਕੀ ਬਾਲ ਲੇਖਣੀ ਦੀ ਗੱਲ ਆਉਂਦੀ ਹੈ ਤਾਂ ਇਹ ਚੰਦ ਗਾਇਕ ਕਲਾਕਾਰਾਂ ਦੇ ਹਿੱਸੇ ਆਇਆ ਹੈ। ਮੈਂ ਅੱਜ ਗੱਲ ਕਰਨ ਜਾ ਰਿਹਾ ਹਾਂ ਨਿਵੇਕਲੇ ਤੇ ਆਪਣੀ ਆਪ ਵਿੱਚ ਬਹੁਤ ਸੋਹਣੀ ਗਾਇਕੀ ਪੇਸ਼ ਕਰਕੇ ਬਾਲ ਮਨਾਂ ਉੱਤੇ ਗਹਿਰੀ ਛਾਪ ਛੱਡਣ ਵਾਲੇ ਕਮਲਜੀਤ ਨੀਲੋਂ ਦੀ, ਜਿਲਾ ਲੁਧਿਆਣਾ ਚੰਡੀਗੜ੍ਹ ਦੇ ਉੱਪਰ ਸਥਿਤ ਪਿੰਡ ਨੀਲੋਂ ਕਲਾਂ ਦੇ




ਜੰਮਪਲ,ਕਮਲਜੀਤ ਨੀਲੋਂ ਸਰਹੰਦ ਨਹਿਰ ਦੇ ਕੰਢੇ ਵੱਸਦੇ ਨੀਲੋਂ ਜਿਹੇ ਸ਼ਾਂਤ ਪਿੰਡ ਵਿੱਚ ਜੰਮਿਆਂ ਪਲਿਆ ਖੇਡਿਆ ਤੇ ਨਹਿਰ ਦੇ ਪਾਣੀਆਂ ਦੇ ਨਾਲ ਅਠਖੇਲੀਆਂ ਕਰਦਾ ਅੱਗੇ ਵਧਿਆ। ਜੇਕਰ ਕਮਲਜੀਤ ਦੀ ਗੱਲ ਕਰਨੀ ਹੈ ਤਾਂ ਫਿਰ ਸਾਡੇ ਇਲਾਕੇ ਦੇ ਹੀ ਨਹੀਂ ਪੰਜਾਬੀ ਸਾਹਿਤ ਜਗਤ ਤੇ ਸਤਿਕਾਰਯੋਗ ਸਵ ਕੁਲਵੰਤ ਨੀਲੋ ਦਾ ਨਾਮ ਪਹਿਲਾਂ ਆਉਗਾ। ਕੁਲਵੰਤ ਨੀਲੋਂ ਜੀ ਕਮਲਜੀਤ ਨੀਲੋਂ ਦੇ ਪਿਤਾ ਹਨ ਜੋ ਕਿ ਉੱਚ ਕੋਟੀ ਦੇ ਸ਼ਾਇਰ ਰਹੇ ਹਨ ਪੰਜਾਬੀ ਮਾਂ ਬੋਲੀ ਦੇ ਪ੍ਰਚਾਰਕ ਰਹੇ ਹਨ ਸਮੁੱਚਾ ਮਿਲੋ ਪਰਿਵਾਰ ਹੀ ਸਹਾਇਤ ਦੇ ਨਾਲ ਸਬੰਧ ਰੱਖਦਾ ਹੈ। ਪੰਜਾਬੀ ਸਹਿਤ ਸਭਾ ਰਾਮਪੁਰ, ਸਾਹਿਤ ਕੇਂਦਰ ਨੀਲੋ, ਪੰਜਾਬੀ ਸਾਹਿਤ ਸਭਾ ਸਮਰਾਲਾ ਦੇ ਵਿੱਚ ਅੱਜ ਤੋਂ ਕੋਈ ਪੰਜ ਛੇ ਦਹਾਕੇ ਪਹਿਲਾਂ ਜਦੋਂ ਲੇਖਕਾਂ ਦੇ ਜੁੜਨ ਦਾ ਸਬੱਬ ਬਣਦਾ ਤਾਂ ਇਸ ਦੇ ਵਿੱਚ ਕੁਲਵੰਤ ਨੀਲੋ ਜੀ ਦਾ ਨਾਮ ਵਿਸ਼ੇਸ਼ ਤੌਰ ਉੱਤੇ ਜੁੜਦਾ। ਗੱਲ ਕੀ ਘਰ ਵਿੱਚ ਸਹਿਤਕ ਮਾਹੌਲ ਹੋਣ ਸਦਕਾ ਕਮਲਜੀਤ ਨੀਲੋਂ ਉੱਪਰ ਕਲਾ ਦਾ ਅੰਗ ਚੜ੍ਹਿਆ ਤੇ ਕਮਲਜੀਤ ਨੀਲੋਂ ਨੇ ਨਵੇਕਲਾ ਅਲੱਗ ਉੱਦਮ ਕਰਦਿਆਂ ਬਾਲ ਗਾਇਕੀ ਨੂੰ ਤਰਜੀਹ ਦਿੱਤੀ ਤੇ ਅਨੇਕਾਂ ਬਾਲ ਗੀਤ ਰਚੇ ਗਾਏ ਖੁਦ ਹੀ ਸੰਗੀਤ ਕੀਤੇ। ਨਿੰਮੀ ਨਿੰਮੀ ਮਿੱਠੀ ਮਿੱਠੀ ਸ਼ਾਂਤ ਜਿਹੀ ਆਵਾਜ਼ ਵਿੱਚ ਕਮਲਜੀਤ ਨੀਲੋਂ ਦਾ ਗੀਤ ਸੌਂ ਜਾ ਬੱਬੂਆ ਮਾਣੋ ਬਿੱਲੀ ਆਈਆ.. ਕਿਸ ਨੂੰ ਚੇਤੇ ਨਹੀ। ਜਲੰਧਰ ਦੂਰਦਰਸ਼ਨ ਦੇ ਵਿਹੜੇ ਵਿੱਚੋਂ ਇਸ ਗੀਤ ਰਾਹੀਂ ਕਮਲਜੀਤ ਨੀਲੋਂ ਨੇ ਬਾਲ ਗਾਇਕੀ ਵਿੱਚ ਉਡਾਰੀਆਂ ਮਾਰੀਆਂ ਤੇ ਬਾਲ ਲੇਖਕਾਂ ਦਾ ਕਾਫ਼ਲਾ ਦੁਨੀਆਂ ਵਿੱਚ ਲੈ ਕੇ ਘੁੰਮਿਆ ਤੇ ਜਿੱਥੇ ਜਿੱਥੇ ਵੀ ਪੰਜਾਬੀ ਵਸੇ ਉਹਨਾਂ ਨੇ ਕਮਲਜੀਤ ਨੀਲੋਂ ਕੋਲੋਂ ਹਰ ਸਮੇਂ ਸੌਂ ਜਾ ਬੱਬੂਆ ਦੀ ਹੀ ਮੰਗ ਕੀਤੀ ਤੇ ਬੱਚੇ ਖੁਸ਼ ਹੋਊਏ। ਕਮਲਜੀਤ ਨੀਲੋਂ ਬਹੁਤ ਹੀ ਸਹਿਜ ਸਾਂਤ ਸੁਭਾਅ ਵਾਲਾ ਮਿਲਣਸਾਰ ਇਨਸਾਨ ਹੈ ਤੇ ਮੇਰਾ ਗਵਾਂਢੀ ਵੀ ਹੈ ਸਾਡੇ ਵਿੱਚ ਸਰਹੰਦ ਨਹਿਰ ਹੈ ਉਧਰ ਨੀਲੋਂ ਤੇ ਇਧਰ ਮੇਰਾ ਪਿੰਡ ਤੱਖਰਾਂ। ਪੰਜਾਬੀ ਸਾਹਿਤਕਾਰ ਤੇ ਚਿੰਤਕ ਬੁੱਧ ਸਿੰਘ ਨੀਲੋ ਦੇ ਸਦਕਾ, ਸਾਹਿਤ ਸਭਾਵਾਂ ਦੇ ਵਿੱਚ ਉਹਨਾਂ ਦੇ ਨਾਲ ਮੇਲ ਜੋਲ ਵਧਿਆ ਤੇ ਸਦਾ ਹੀ ਖਿੜੇ ਮੱਥੇ ਪਿਆਰ ਨਾਲ ਸਭ ਨੂੰ ਮਿਲਦਾ। ਅਜਿਹੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਹੋਇਆਂ ਪੰਜਾਬੀ ਫਿਲਮ ਅਤੇ ਟੀ ਵੀ ਐਕਟਰ ਐਸੋਸੀਏਸ਼ਨ ਰਜਿ ਜਿਸ ਦੇ ਵਿੱਚ ਪ੍ਰਮੁੱਖ ਤੌਰ ਉੱਤੇ ਕਰਮਜੀਤ ਅਨਮੋਲ ਗੁਰਪ੍ਰੀਤ ਘੁੱਗੀ ਗੁਗੂ ਗਿੱਲ ਤੇ ਹੋਰ ਪੰਜਾਬੀ ਫਿਲਮੀ ਕਲਾਕਾਰ ਇਸ ਸੰਸਥਾ ਨੂੰ ਚਲਾ ਰਹੇ ਹਨ। ਬੀਤੇ ਦਿਨੀ ਪੰਜਾਬੀ ਸਿਨੇਮਾ ਦਿਵਸ ਦੇ ਉੱਪਰ ਕਮਲਜੀਤ ਨੀਲੋਂ ਨੂੰ ਇਸ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਆ ਗਿਆ। ਕਮਲਜੀਤ ਨੀਲੋਂ ਨੂੰ ਇਹੋ ਜਿਹੇ ਸਨਮਾਨ ਤਾਂ ਬਹੁਤ ਸਮਾਂ ਪਹਿਲਾਂ ਮਿਲ ਜਾਣੇ ਚਾਹੀਦੇ ਸਨ ਪਰ ਹੁਣ ਵੀ ਦਰੁਸਤ ਹੀ ਹੈ। ਇਸ ਮਾਣਮੱਤੀ ਸੰਸਥਾ ਵੱਲੋਂ ਕਮਲਜੀਤ ਨੀਲੋਂ ਨੂੰ ਸਿਨੇਮਾ ਦਿਵਸ ਉੱਪਰ ਸਨਮਾਨ ਦੇਣ ਉੱਤੇ ਉਸ ਦੇ ਸਨੇਹੀਆਂ ਮਿੱਤਰਾਂ ਪਰਿਵਾਰਿਕ ਮੈਂਬਰਾਂ ਤੇ ਚਾਹੁਣ ਵਾਲੇ ਸੱਜਣਾਂ ਨੇ ਕਮਲਜੀਤ ਨੀਲੋਂ ਨੂੰ ਵਧਾਈਆਂ ਦਿੱਤੀਆਂ।

## ਗੁਰੂ ਨਾਨਕ ਭਵਨ ਲੁਧਿਆਣਾ ਵਿੱਚ "ਲੋਕ ਮਨ" ਵੱਲੋਂ "ਸੁਰ ਸੁਖਨ ਦੀ ਯਾਤਰਾ" ਨਾਮੀ ਸੰਗੀਤਕ ਪੇਸ਼ਕਾਰੀ 6 ਅਪ੍ਰੈਲ ਸ਼ਾਮ ਨੂੰ ਹੋਵੇਗੀ।

ਲੁਧਿਆਣਾਃ 3 ਅਪ੍ਰੈਲ : ਗੁਰੂ ਨਾਨਕ ਭਵਨ ਲੁਧਿਆਣਾ ਵਿੱਚ "ਲੋਕ ਮਨ" ਵੱਲੋਂ "ਸੁਰ ਸੁਖਨ ਦੀ ਯਾਤਰਾ" ਨਾਮੀ ਸੰਗੀਤਕ ਪੇਸ਼ਕਾਰੀ "ਫੈਰੋ ਫਲਿਊਡ" ਗਰੁੱਪ ਵੱਲੋ 6 ਅਪ੍ਰੈਲ ਸ਼ਾਮ ਨੂੰ ਕਰਵਾਈ ਜਾ ਰਹੀ ਹੈ।




ਇਹ ਜਾਣਕਾਰੀ ਦੇਂਦਿਆਂ "ਲੋਕ ਮਨ"ਸੰਸਥਾ ਦੇ ਸੰਚਾਲਕ ਬਿਕਰਮਜੀਤ ਸਿੰਘ ਧੂਰੀ , ਪਰਵਿੰਦਰ ਸਿੰਘ ਕੀਕੂ ਧੂਰੀ ਤੇ ਗੁਰਪ੍ਰਿੰਸ ਸਿੰਘ ਨੇ ਅੱਜ ਇਥੇ ਦੱਸਿਆ ਕਿ "ਫੈਰੋ ਫਲਿਊਡ" ਗਰੁੱਪ ਚੰਡੀਗੜ੍ਹ ਵੱਲੋਂ ਬਾਬਾ ਫ਼ਰੀਦ, ਸੰਤ ਕਬੀਰ,ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ , ਬਾਬਾ ਬੁੱਲ੍ਹੇਸ਼ਾਹ, ਹਜ਼ਰਤ ਸੁਲਤਾਨ ਬਾਹੂ,ਅਮੀਰ ਖੁਸਰੋ ਤੋਂ ਲੈ ਕੇ ਭਾਈ ਵੀਰ ਸਿੰਘ ਤੇ ਸ਼ਿਵ ਕੁਮਾਰ ਤੀਕ ਦੀ ਕਾਵਿ ਪਰੰਪਰਾ ਦਾ ਰਵਾਇਤੀ ਸਾਜ਼ਾਂ ਤੇ ਆਵਾਜ਼ਾਂ ਰਾਹੀਂ ਗਾਇਨ ਕੀਤਾ ਜਾਵੇਗਾ।

"ਲੋਕ ਮਨ" ਗਰੁੱਪ ਦੇ ਪ੍ਰਤੀਨਿਧਾਂ ਬਿਕਰਮਜੀਤ ਸਿੰਘ ਧੂਰੀ, ਪਰਵਿੰਦਰ ਸਿੰਘ ਕੀਕੂ ਆਰਟਿਸਟ ਤੇ ਗੁਰਪ੍ਰਿੰਸ ਸਿੰਘ ਨੇ ਅੱਜ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨਾਲ ਮੁਲਾਕਾਤ ਕੀਤੀ ਤੇ ਆਸ਼ੀਰਵਾਦ ਲਿਆ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਲੁਧਿਆਣਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ "ਲੋਕ ਮਨ" ਗਰੁੱਪ ਚੰਗੇ ਸੰਗੀਤ ਦੀ ਪੇਸ਼ਕਾਰੀ ਚੰਗੇ ਸਰੋਤਿਆਂ ਲਈ ਕਰਨ ਦਾ ਸੁਪਨਾ ਲੈ ਕੇ ਲੁਧਿਆਣਾ ਵਿੱਚ ਆਇਆ



ਹੈ। ਇਨ੍ਹਾਂ ਨੂੰ ਭਲੇ ਲੋਕਾਂ ਵੱਲੋਂ ਹਰ ਤਰ੍ਹਾਂ ਦੀ ਸਰਪ੍ਰਸਤੀ ਦੀ ਲੋੜ ਹੈ।ਬਿਕਰਮਜੀਤ ਸਿੰਘਧੂਰੀ ਨੇ ਅੱਜ ਇਥੇ ਦੱਸਿਆ ਕਿ ਇਹ ਗਰੁੱਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਅੰਮ੍ਰਿਤਸਰ ਸਾਹਿੱਤ ਉਤਸਵ ਵਿੱਚ ਵੀ ਆਪਣੀ ਪੇਸ਼ਕਾਰੀ ਕਰਕੱ ਨਾਮਣਾ ਖੱਟ ਚੁਕਾ ਹੈ। ਪੰਜਾਬੀ ਪਹਿਰਾਵੇ ਤੇ ਲੋਕ ਅੰਦਾਜ਼ ਵਾਲੇ ਇਨ੍ਹਾਂ ਕਲਾਕਾਰਾਂ ਨੂੰ ਸੁਣਨ ਲਈ 98774 36476, 99141 07047 ਤੇ 99881 39876 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਰਾਮਗੜ੍ਹੀਆ ਹੈਰੀਟੇਜ ਹਿਸਟੋਰੀਕਲ ਸੁਸਾਇਟੀ, ਅੰਮ੍ਰਿਤਸਰ ਦੀ ਮੀਟਿੰਗ ਗਿਆਨ ਸਿੰਘ ਬਮਰਾਹ ਦੀ ਪ੍ਰਧਾਨਗੀ ਹੇਠ ਹੋਈ



ਅੰਮ੍ਰਿਤਸਰ 3 ਅਪ੍ਰੈਲ : ਰਾਮਗੜ੍ਹੀਆ ਹੈਰੀਟੇਜ ਹਿਸਟੋਰੀਕਲ ਸੁਸਾਇਟੀ, ਅੰਮ੍ਰਿਤਸਰ ਦੀ ਮੀਟਿੰਗ ਐਲ ਕੋਸੀਨਾ ਹੋਟਲ, ਜੀਟੀ ਰੋਡ ਸੁਲਤਾਨਵਿੰਡ ਕੈਨਾਲ ਰੋਡ, ਅੰਮ੍ਰਿਤਸਰ ਵਿਖੇ ਪ੍ਰਧਾਨ ਗਿਆਨ ਸਿੰਘ ਬਮਰਾਹ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਮੀਤ ਪ੍ਰਧਾਨ ਮੁਖਵੰਤਪਾਲ ਸਿੰਘ ਖੋਖਰ. ਜਨਰਲ ਸਕੱਤਰ ਤਜਿੰਦਰਪਾਲ ਸਿੰਘ ਬਮਰਾਹ, ਪ੍ਰਚਾਰ ਸਕੱਤਰ ਬਲਵਿੰਦਰ ਸਿੰਘ ਧੰਮੂ, ਸਕੱੱਤਰ ਹਰਮੀਤ ਸਿੰਘ ਮਠਾੜੂ, ਲੀਗਲ ਅਡਵਾਈਜ਼ਰ ਨਵਜੋਤ ਸਿੰਘ ਖੋਖਰ, ਗੁਰਮੇਜ ਸਿੰਘ ਮਠਾੜੂ, ਉਪਕਾਰ ਸਿੰਘ ਸਡੱੱਲ, ਅਮਰਜੀਤ ਸਿੰਘ ਘਟਾਉੜੇ, ਹਰਜਿੰਰ ਸਿੰਘ ਬਮਰਾਹ, ਗੁਰਮੀਤ ਸਿੰਘ ਵਿਰਦੀ, ਤਜਿੰਦਰ ਸਿੰਘ ਬਾਹਰੋ, ਡਾਕਟਰ ਮਨਮੋਹਨ ਸਿੰਘ ਅਜਾਦ, ਤਜਿੰਦਰ ਸਿੰਘ ਚਾਨੇ, ਹਰਜਿੰਦਰ ਸਿੰਘ ਬਮਰਾਹ, ਇੰਦਰਜੀਤ ਸਿੰਘ, ਕਾਕਾ ਜਜੀ ਬਮਰਾਹ ਆਦਿ ਹਾਜ਼ਰ ਹੋਏ। ਸਾਰਿਆਂ ਮੈਂਬਰਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਜਾਣ ਪਹਿਚਾਣ ਕਰਵਾਈ ਗਈ। ਪਿਛਲੀ ਕਾਰਵਾਈ ਦੀ ਰਿਪੋਰਟ ਪੇਸ਼ ਕੀਤੀ ਗਈ। ਰਾਮਗੜ੍ਹੀਆ ਇਤਹਾਸ ਦੇ ਪ੍ਰਚਾਰ ਅਤੇ ਵਿਰਾਸਤਾਂ ਦੀ ਸਾਂਭ ਸੰਭਾਲ ਬਾਰੇ ਪ੍ਰਧਾਨ ਜੀ ਨੇ ਵਿਚਾਰਾਂ ਕੀਤੀਆਂ। ਹਰਗੋਬਿੰਦਪੁਰ ਵਿਖੇ ਮਹਾਰਾਜਾ ਜੱੱਸਾ ਸਿੰਘ ਰਾਮਗੜ੍ਹੀਆ ਜੀ ਦੇ ਅੰਤਿਮ ਅਸਥਾਨ ਦੀ ਯਾਦਗਾਰ ਜੇ ਕਿ ਬਿਲਕੁਲ ਖਸਤਾਹਾਲ ਹੋਂ ਗਈ ਹੈ ਨੂੰ ਨਵਿਆਉਣ ਦੀ ਸੁਸਾਇਟੀ ਦੀ ਤਜਵੀਜ ਬਾਰੇ ਦੱਸਿਆ ਗਿਆ।

ਇਸ ਸਬੰਧੀ ਸੁਸਾਇਟੀ ਵੱਲੋਂ ਤਿਆਰ ਕੀਤੀ ਗਈ ਡਾਕੂਮੈਂਟਰੀ ਫਿਲਮ ਪ੍ਰੋਜੈਕਟਰ ਰਾਹੀ ਸਕਰੀਨ ਤੇ ਦਿਖਾਈ ਗਈ ਜਿਸਦੀ ਸਭ ਮੈਂਬਰਾਂ ਨੇ ਸ਼ਲਾਘਾ ਕੀਤੀ ਅਤੇ ਇਸ ਥਾਰਜ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ। ਹਰਜਿੰਦਰ ਸਿੰਘ ਬਮਰਾਹ ਨੇ 5000/- ਰੁਪਏ ਦਾ ਚੈੱਕ ਅਤੇ ਤਜਿੰਦਰ ਸਿੰਘ ਚਾਨੇ ਨੇ ਵੀ 5000/- ਰੁਪਏ ਦਾ ਚੈੱਕ ਸੁਸਾਇਟੀ ਨੂੰ ਭੇਟ ਕੀਤਾ। ਸੁਸਾਇਟੀ ਇਹਨਾਂ ਦਾ ਤਹਿਦਿਲੋਂ ਧੰਨਵਾਦ ਕਰਦੀ ਹੈ ਅਤੇ ਬਾਕੀ ਸਭ ਭਰਾਵਾਂ ਨੂੰ ਵੀ ਆਪਣਾ ਆਪਣਾ ਯੋਗਦਾਨ ਪਾਉਣ ਲਈ ਅਪੀਲ ਕਰਦੀ ਹੈ। ਅੰਤ ਵਿੱਚ ਜਨਰਲ ਸਕੱਤਰ ਨੇ ਹਾਜਰ ਹੋਏ ਸਭ ਮੈਂਬਰਾਂ ਦਾ ਧੰਨਵਾਦ ਕੀਤਾ।

## ਚਿੱਤਰਕਾਰ ਪ੍ਰੀਤ ਭਗਵਾਨ ਸਿੰਘ ਨੂੰ "ਸ੍ਰੇਸ਼ਠ ਕਲਾਕਾਰ" ਦੇ ਸਨਮਾਨ ਨਾਲ ਨਿਵਾਜਿਆ




ਫ਼ਰੀਦਕੋਟ , 3 ਅਪ੍ਰੈਲ : ਫ਼ਰੀਦਕੋਟ ਜ਼ਿਲ੍ਹੇ ਸਮੇਤ ਪੂਰੇ ਪੰਜਾਬ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੋਟਕਪੂਰਾ ਸ਼ਹਿਰ ਦੇ ਵਸਨੀਕ ਪ੍ਰਸਿੱਧ ਚਿੱਤਰਕਾਰ ਪ੍ਰੀਤ ਭਗਵਾਨ ਸਿੰਘ ਨੂੰ ਉੱਤਰ ਪ੍ਰਦੇਸ਼ ਵਿਖੇ ਰਾਸ਼ਟਰੀ ਕਲਾ-ਸਮਾਗਮ ਵਿੱਚ "ਸ੍ਰੇਸ਼ਠ ਕਲਾਕਾਰ" ਦੇ ਸਨਮਾਨ ਨਾਲ ਨਿਵਾਜਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉੱਘੇ ਸ਼ਾਇਰ ਕੁਲਵਿੰਦਰ ਵਿਰਕ ਨੇ ਦੱਸਿਆ ਕਿ ਪਿਛਲੇ ਦਿਨੀ ਰਾਜ ਲਲਿਤ ਕਲਾ ਅਕਾਦਮੀ, ਉੱਤਰ ਪ੍ਰਦੇਸ਼ ਅਤੇ ਸੰਬਲ ਜ਼ਿਲ੍ਹੇ ਦੇ ਬਹਿਜੋਈ ਸ਼ਹਿਰ ਦੇ ਇੱਕ ਸਮਾਜਿਕ ਸੰਗਠਨ "ਉਡਾਨ ਗਰੁੱਪ ਆਫ਼ ਆਰਟਿਸਟ" ਦੁਆਰਾ ਸਾਂਝੇ ਰੂਪ ਵਿੱਚ ਕਰਵਾਏ ਗਏ ਤਿੰਨ-ਰੋਜ਼ਾ ਰਾਸ਼ਟਰੀ ਚਿੱਤਰਕਲਾ ਵਰਕਸ਼ਾਪ ਵਿੱਚ ਪ੍ਰੀਤ ਭਗਵਾਨ ਸਿੰਘ ਨੂੰ ਇਹ ਸਨਮਾਨ ਦੇ ਕੇ ਨਿਵਾਜਿਆ ਗਿਆ ਹੈ। ਉਹਨਾਂ ਅੱਗੇ ਦੱਸਿਆ ਕਿ ਇਹ ਸਾਡੇ ਸ਼ਹਿਰ ਅਤੇ ਜ਼ਿਲ੍ਹੇ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਮੁੱਚੇ ਪੰਜਾਬ ਵਿੱਚੋਂ ਇਸ ਵਰਕਸ਼ਾਪ ਲਈ ਚਿੱਤਰਕਾਰ ਪ੍ਰੀਤ ਭਗਵਾਨ ਸਿੰਘ ਨੂੰ ਹੀ ਸੱਦਾ ਦਿੱਤਾ ਗਿਆ ਸੀ। ਸਮੁੱਚੇ ਦੇਸ਼ ਵਿੱਚੋਂ ਵੱਖ-ਵੱਖ ਰਾਜਾਂ ਤੋਂ ਇਲਾਵਾ ਨੇਪਾਲ ਦੇ ਕਲਾਕਾਰਾਂ ਸਮੇਤ 15 ਦੇ ਕਰੀਬ ਕਲਾਕਾਰਾਂ ਨੂੰ ਇਸ ਸਮਾਗਮ ਲਈ ਵਿਸ਼ੇਸ਼ ਤੌਰ 'ਤੇ ਸੱਦਾ ਭੇਜਿਆ ਗਿਆ। ਇਸ ਇਸ ਕਲਾ ਵਰਕਸ਼ਾਪ ਦਾ ਵਿਸ਼ਾ "ਕਣ-ਕਣ ਵਿੱਚ ਰਾਮ" ਰੱਖਿਆ ਗਿਆ ਸੀ। ਪ੍ਰੀਤ ਭਗਵਾਨ ਸਿੰਘ ਨੇ ਇਸ ਵਿਸ਼ੇ ਨੂੰ ਦਰਸਾਉਂਦੀ ਹੋਈ ਬਹੁਤ ਹੀ ਖ਼ੂਬਸੂਰਤ ਪੇਂਟਿੰਗ ਬਣਾ ਕੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਉਹਨਾਂ ਦੀ ਇਸ ਉੱਤਮ ਕਲਾ ਲਈ ਸੰਬਲ ਦੇ ਜ਼ਿਲ੍ਹਾ ਮੈਜਿਸਟਰੇਟ ਵੱਲੋਂ (ਡਿਪਟੀ ਕਮਿਸ਼ਨਰ) ਵੱਲੋਂ ਸਨਮਾਨ ਚਿੰਨ੍ਹ, ਲੋਈ, ਸਨਮਾਨ-ਪੱਤਰ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਚਿੱਤਰਕਾਰ ਪ੍ਰੀਤ ਭਗਵਾਨ ਸਿੰਘ ਨੇ ਉਪਰੋਕਤ ਸੰਸਥਾਵਾਂ ਅਤੇ ਸੰਗਠਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਕਲਾ ਦੇ ਮਾਧਿਅਮ ਰਾਹੀਂ ਹਮੇਸ਼ਾ ਹੀ ਕੋਟਕਪੂਰਾ, ਫ਼ਰੀਦਕੋਟ ਅਤੇ ਸਮੁੱਚੇ ਪੰਜਾਬ ਦੇ ਮਾਣ ਵਿੱਚ ਵਾਧਾ ਕਰਨ ਲਈ ਹਾਜ਼ਰ ਰਹਿਣਗੇ। ਉਹਨਾਂ ਦੀ ਇਸ ਵਡਮੁੱਲੀ ਪ੍ਰਾਪਤੀ 'ਤੇ ਸ਼ਬਦ-ਸਾਂਝ ਕੋਟਕਪੂਰਾ ਦੀ ਸਮੁੱਚੀ ਟੀਮ, ਬਾਬਾ ਫ਼ਰੀਦ ਆਰਟ ਸੁਸਾਇਟੀ ਅਤੇ ਐਲੀਮੈਂਟਰੀ ਟੀਚਰਜ਼ ਯੂਨੀਅਨ, ਫ਼ਰੀਦਕੋਟ ਤੋਂ ਇਲਾਵਾ ਵੱਖ-ਵੱਖ ਵਿੱਦਿਅਕ ਅਤੇ ਸਾਹਿਤਕ ਸੰਸਥਾਵਾਂ ਦੇ ਆਗੂਆਂ ਨੇ ਵੀ ਉਹਨਾਂ ਨੂੰ ਮੁਬਾਰਕਬਾਦ ਦਿੱਤੀ।

## ਵਿਧਾਨ ਸਭਾ ਹਲਕਾ ਬਠਿੰਡਾ (ਦਿਹਾਤੀ) ਅਧੀਨ ਪੈਂਦੇ ਪਿੰਡਾਂ ਵਿੱਚ ਸਥਿਤ ਪੋਲਿੰਗ ਬੂਥਾਂ ਦਾ ਕੀਤਾ ਗਿਆ ਨਿਰੀਖਣ

ਗੁਰਪ੍ਰੀਤ ਚਹਿਲ

ਬਠਿੰਡਾ, 3 ਅਪ੍ਰੈਲ : ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣਕਾਰ ਅਫਸਰ ਸ. ਜਸਪ੍ਰੀਤ ਸਿੰਘ ਦੀਆਂ ਹਦਾਇਤਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਸਹਾਇਕ ਰਿਟਰਨਿੰਗ ਅਫਸਰ ਬਠਿੰਡਾ ਦਿਹਾਤੀ-093 ਸ੍ਰੀਮਤੀ ਲਵਜੀਤ ਕਲਸੀ ਵੱਲੋਂ ਹਲਕਾ ਬਠਿੰਡਾ (ਦਿਹਾਤੀ) ਅਧੀਨ ਪੈਂਦੇ ਪਿੰਡਾਂ ਦਿਓਣ, ਬੱਲੂਆਣਾ, ਬੀੜ ਤਲਾਬ, ਬਹਿਮਣ ਦੀਵਾਨਾ ਅਤੇ ਬੁਲਾਡੇਵਾਲਾ ਵਿਖੇ ਸਥਿਤ ਪੋਲਿੰਗ ਬੂਥਾਂ ਦਾ ਨਿਰੀਖਣ ਕੀਤਾ ਗਿਆ।




ਨਿਰੀਖਣ ਦੌਰਾਨ ਉਨ੍ਹਾਂ ਵੱਲੋਂ AMF(Assured Minimum Facilites) ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਵੱਲੋ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਹਲਕਾ ਬਠਿੰਡਾ ਦਿਹਾਤੀ ਵਿੱਚ ਕੁੱਲ 170 ਬੂਥ ਹਨ ਅਤੇ ਇਨ੍ਹਾਂ ਬੂਥਾਂ ਤੇ 18 ਸੈਕਟਰ ਅਫਸਰ ਨਿਯੁਕਤ ਕੀਤੇ ਗਏ ਹਨ। ਵੋਟਰਾਂ ਦੀ ਸੁਵਿਧਾ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕਾ ਬਠਿੰਡਾ ਦਿਹਾਤੀ-093 ਵਿੱਚ 04 ਵੀਡਿਓ ਸਰਵੀਲੈਂਸ ਟੀਮਾਂ, 09 ਫਲਾਇੰਗ ਸਕਓਆਰਡ ਟੀਮਾਂ 05 ਸਟੈਟਿਕ ਸਰਵਿਲੈਂਸ ਟੀਮਾਂ ਤਾਇਨਾਤ ਹਨ, ਜੋ ਕਿ ਬਹੁਤ ਹੀ ਸੁੱਚਜੇ ਢੰਗ ਨਾਲ ਆਪਣੀ ਡਿਊਟੀ ਨਿਭਾ ਰਹੀਆਂ ਹਨ ਅਤੇ ਮਾਡਲ ਕੋਡ ਆਫ ਕੰਨਡਕਟ ਦੀ ਪੂਰੀ ਤਰੀਕੇ ਨਾਲ ਪਾਲਣਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹਲਕਾ ਪੱਧਰ ਤੇ ਸ਼ਿਕਾਇਤ ਸੈਲ ਵੀ ਸਥਾਪਿਤ ਕੀਤਾ ਹੋਇਆ ਹੈ ਤਾਂ ਜੋ ਮਾਡਲ ਕੋਡ ਆਫ ਕੰਨਡਕਟ ਦੀ ਉਲੰਘਣਾ ਵਿਰੁੱਧ ਆਉਣ ਵਾਲੀਆ ਸ਼ਿਕਾਇਤਾਂ ਦਾ ਸਮੇਂ-ਸਿਰ ਨਿਪਟਾਰਾ ਕੀਤਾ ਜਾ ਸਕੇ।

## ਰੁੱਖਾਂ ਦੀ ਸਭ ਕਰੋ ਸੰਭਾਲ, ਸਾਡਾ ਜੀਵਨ ਇਨ੍ਹਾਂ ਨਾਲ: ਹਰਮਨਪ੍ਰੀਤ ਸਿੰਘ

ਫ਼ਤਹਿਗੜ੍ਹ ਸਾਹਿਬ, 3 ਅਪ੍ਰੈਲ : ਵਾਤਾਵਰਣ ਦੀ ਸੁਰੱਖਿਆ ਅਤੇ ਪੰਛੀਆਂ ਦੀ ਹੋਂਦ ਨੂੰ ਬਚਾਉਣ ਲਈ ਸਮਾਜ ਦੇ ਹਰ ਵਰਗ ਲਈ ਜਾਗਰੂਕ ਹੋਣਾ ਮੌਜੂਦਾ ਸਮੇਂ ਦੀ ਲੋੜ ਹੈ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਉੱਘੇ ਵਾਤਾਵਰਣ ਪ੍ਰੇਮੀ ਹਰਮਨਪ੍ਰੀਤ ਸਿੰਘ ਨੇ ਰੁੱਖਾਂ ਦੀ ਸਭ ਕਰੋ ਸੰਭਾਲ, ਸਾਡਾ ਜੀਵਨ ਇਨ੍ਹਾਂ ਨਾਲ ਦੀ ਕੜੀ ਨੂੰ ਅੱਗੇ ਤੋਰਦੇ ਹੋਏ ਲਕਸ਼ੈ ਰੀਹੈਬਲੀਟੇਸ਼ਨ ਸੈਂਟਰ ਤਲਾਣੀਆਂ ਵਿਖੇ ਰੱਖੇ ਸਵੱਛ ਵਾਤਾਵਰਣ ਪ੍ਰੋਗਰਾਮ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਸਹਿਯੋਗੀ ਸੱਜਣਾਂ ਦੇ ਨਾਲ ਮਿਲਕੇ ਸਾਡੇ ਵੱਲੋਂ ਸਵੱਛ ਵਾਤਾਵਰਣ ਲਈ ਕੀਤੇ ਗਏ ਕਾਰਜ਼ਾਂ ਦਾ ਹੀ ਨਤੀਜਾ ਹੈ ਕਿ ਅੱਜ ਸਾਡੇ ਵੱਲੋਂ ਲਗਾਏ ਬੂਟੇ ਵੱਡੇ ਰੁੱਖ ਬਣ, ਸਵੱਛ ਵਾਤਾਵਰਣ ਪ੍ਰਦਾਨ ਕਰਨ ਦੇ ਨਾਲ-ਨਾਲ ਸਮਾਜ ਨੂੰ ਫਲ, ਫੁੱਲ, ਛਾਂ ਅਤੇ ਪਸ਼ੂ, ਪੰਛੀਆ ਨੂੰ ਰਹਿਣ ਬਸੇਰਾ ਪ੍ਰਦਾਨ ਕਰ ਰਹੇ ਹਨ। ਇਸ ਮੌਕੇ ਪ੍ਰੋਗਰਾਮ ਮੁਖੀ ਪ੍ਰੀਤੀ ਵਿਸ਼ਾਲ, ਲਕਸ਼ੈ ਰੀਹੈਬਲੀਟੇਸ਼ਨ ਸੈਂਟਰ ਤਲਾਣੀਆਂ ਨੇ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਅਤੇ ਪਸ਼ੂ – ਪੰਛੀਆਂ ਅਤੇ ਜੀਵ – ਜੰਤੂਆਂ ਦੀ ਹੋਂਦ ਨੂੰ ਬਚਾਉਣਾ ਸਾਡਾ ਸਭ ਦਾ ਫ਼ਰਜ਼ ਬਣਦਾ ਹੈ। ਕਿਉਂ ਕਿ ਮਨੁੱਖ ਦੀ ਹੋਂਦ ਵੀ ਵਾਤਾਵਰਣ ਦੇ ਸੰਤੁਲਨ ਤੇ ਹੀ ਨਿਰਭਰ ਕਰਦੀ ਹੈ। ਇਸ ਮੌਕੇ ਪ੍ਰੀਤੀ ਵਿਸ਼ਾਲ ਸ਼ਰਮਾ, ਰਾਜਵੰਤ ਕੌਰ, ਦੀਪਕ ਵਿਸ਼ਾਲ, ਮਨਮਿੱਤਰ ਸਿੰਘ, ਰੱਜੀ ਅਤੇ ਪ੍ਰਮਜੀਤ ਸਿੰਘ ਆਦਿ ਹਾਜ਼ਰ ਸਨ।



# ਜੀਵੇ ਧਰਤਿ ਹਰਿਆਵਲੀ ਲਹਿਰ ਸਮਰਾਲਾ

## 2024 ਵਰ੍ਹੇ ਦੀ ਘਰ -ਘਰ ਵਿੱਚ ਫ਼ਲਦਾਰ ਬੂਟਿਆਂ ਦੀ ਮੁਹਿੰਮ ਸ਼ੁਰੂ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ

ਸਮਰਾਲਾ ਮਾਛੀਵਾੜਾ ਸਾਹਿਬ 3 ਅਪ੍ਰੈਲ : ਸਾਡੀ ਧਰਤੀ ਉੱਤੇ ਦਿਨ ਬ ਦਿਨ ਪਲੀਤ ਹੋ ਰਹੇ ਵਾਤਾਵਰਨ ਦੀ ਸਾਂਭ ਸੰਭਾਲ ਲਈ ਅਨੇਕਾਂ ਸੰਸਥਾਵਾਂ ਅਨੇਕਾਂ ਵਿਅਕਤੀ ਕੋਈ ਨਾ ਕੋਈ ਕੰਮ ਕਰਦੇ ਹਨ ਵਾਤਾਵਰਨ ਪ੍ਰਤੀ ਸਮਰਪਿਤ ਸਮਰਾਲਾ ਹਾਕੀ ਕਲੱਬ ਦੀ ਪਹਿਲ -ਕਦਮੀ ਨੂੰ ਇਲਾਕੇ ਦੇ ਲੋਕਾਂ ਵਲੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ। ਇਸ ਸੰਸਥਾ ਦੇ ਪ੍ਰਮੁੱਖ ਗੁਰਪ੍ਰੀਤ ਸਿੰਘ ਬੇਦੀ ਆਪਣੇ ਸਾਥੀਆਂ ਦੇ ਨਾਲ ਸਮਰਾਲਾ ਮਾਛੀਵਾੜਾ ਹੀ ਨਹੀਂ ਪੰਜਾਬ ਦੇ ਅਨੇਕਾਂ ਇਲਾਕਿਆਂ ਦੇ ਵਿੱਚ ਜਾ ਕੇ ਹਰ ਰੋਜ਼ ਘਰਾਂ ਵਿੱਚ ਫਲਦਾਰ ਫੁੱਲਦਾਰ ਤੇ ਪੁਰਾਤਨ ਦਰੱਖਤਾਂ ਦੇ ਬੂਟੇ ਲਗਾ ਰਹੇ ਹਨ। ਰੁੱਖਾਂ ਤੇ ਕੁਦਰਤ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਕਾਫ਼ਲਾ ਦਿਨੋਂ ਦਿਨ ਵੱਡਾ ਹੋ ਰਿਹਾ ਹੈ। ਇਸ ਕਾਫ਼ਲੇ ਨਾਲ ਜੁੜਕੇ ਅਨੇਕਾਂ ਲੋਕ ਬੂਟੇ ਲਗਾਉਣ ਵਿੱਚ ਦਿਲਚਸਪੀ ਦਿਖਾ ਰਹੇ ਹਨ। ਇਸੇ ਤਰ੍ਹਾਂ ਹੀ ਸਮਰਾਲਾ ਨੇੜਲੇ ਪਿੰਡ ਸ਼ਮਸਪੁਰ ਤੋਂ ਪੱਤਰਕਾਰ ਰਾਮਦਾਸ ਬੰਗੜ ਨੇ ਆਪਣੇ ਘਰ ਵਿੱਚ ਹਾਕੀ ਕਲੱਬ ਸਮਰਾਲਾ ਵੱਲੋਂ ਦਿੱਤੇ ਹੋਏ ਬੂਟੇ ਲਗਾਏ।





ਅੰਬ, ਕਿੰਨੂੰ, ਆੜੂ, ਬੱਗੂਗੋਸ਼ਾ ਅਤੇ ਚੀਕੂ ਦੇ ਫ਼ਲਦਾਰ ਬੂਟੇ ਲਗਾਏ ..ਆਓ ਸਮਰਾਲਾ ਹਾਕੀ ਕਲੱਬ ਦੀ ਇਸ ਮੁਹਿੰਮ ਨਾਲ ਜੁੜੀਏ..ਆਪਣੇ ਘਰ ਚ' ਫ਼ਲਦਾਰ ਰੁੱਖ਼ ਲਾਈਏ.. ਸਾਵੀਂ ਧਰਤ ਨੂੰ ਸੋਹਣੀ ਤੇ ਹਰਿਆ ਭਰਿਆ ਕਰਕੇ ਵਾਤਾਵਰਨ ਨੂੰ ਸਾਫ ਸੁਥਰਾ ਬਣਾਈਏ। ਗੁਰਪ੍ਰੀਤ ਸਿੰਘ ਬੇਦੀ ਨੇ ਕਿਹਾ ਕਿ ਜਿਸ ਕਿਸੇ ਨੇ ਵੀ ਕਿਸੇ ਵੀ ਕਿਸਮ ਦੇ ਬੂਟੇ ਲਗਾਉਣੇ ਹਨ ਉਹ ਸਾਡੇ ਨਾਲ ਸੰਪਰਕ ਕਰੇ।

# ਕਲਮਾਂ ਦਾ ਕਾਫ਼ਲਾ ਅੰਤਰਰਾਸ਼ਟਰੀ ਫੇਸਬੁੱਕ ਮੰਚ ਵੱਲੋ ਮਹੀਨਾਵਾਰ ਕਵੀ ਦਰਬਾਰ ਕਰਵਾਇਆ

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਅੰਤਰ ਰਾਸ਼ਟਰੀ ਫੇਸਬੁੱਕ ਮੰਚ ਕਲਮਾਂ ਦਾ ਕਾਫ਼ਲਾ ਦੇ ਪ੍ਰਬੰਧਕ ਮੈਡਮ ਗੁਰਜੀਤ ਕੌਰ ਅਜਨਾਲਾ ਜੀ ਦੇ ਸਹਿਯੋਗ ਨਾਲ ਹਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਹੋਣ ਵਾਲ਼ਾ ਆਨ ਲਾਈਨ ਕਵੀ ਦਰਬਾਰ ਕਰਵਾਇਆ ਗਿਆ ਜਿਸ ਦਾ ਸੰਚਾਲਨ ਸ੍ਰ ਰਣਬੀਰ ਸਿੰਘ ਪ੍ਰਿੰਸ (ਸ਼ਾਹਪੁਰ ਕਲਾਂ) ਆਫ਼ਿਸਰ ਕਾਲੋਨੀ ਸੰਗਰੂਰ ਦੁਆਰਾ ਕੀਤਾ ਗਿਆ ਅਤੇ ਇਸ ਵਿੱਚ ਨਾਮਵਰ ਕਵੀ/ ਕਵਿਤਰੀਆਂ ਨੇ ਭਾਗ ਲਿਆ । ਜਿਵੇਂ ਕਿ ਮੈਡਮ ਪਰਵੀਨ ਕੌਰ ਸਿੱਧੂ ,ਮੈਡਮ ਗੁਰਬਖਸ਼ ਕੌਰ ਕਨੇਡਾ, ਮੈਡਮ ਅਮਰਜੀਤ ਕੌਰ, ਮੈਡਮ ਬਖਸ਼ੀਸ਼ ਦੇਵੀ,ਸ.ਜਸਵਿੰਦਰ ਸਿੰਘ ਢਿੱਲੋਂ, ਸਤਨਾਮ ਸਿੰਘ ਅਬੋਹਰ ਸ.ਰਮਿੰਦਰ ਸਿੰਘ ਅੰਬਰਸਰੀ,ਸ.ਮਨਦੀਪ ਸਿੰਘ ਚਾਨਾ ,ਸ.ਚਰਨ ਪੁਆਧੀ, ਮਹਿੰਦਰ ਸੂਦ ਵਿਰਕ,ਸ . ਸੰਤੋਖ਼ ਸਿੰਘ ਰਾਜਾ ਮਨੇਸ,ਸ.ਜਗਜੀਤ ਸਿੰਘ ਗੁੜ੍ਹੱਦੀ,ਗੁਰੀ ਚੰਦੜ ਸੰਗਰੂਰ,ਕਲਮਾਂ ਦੇ ਵਾਰ ਮੰਚ ਦੇ ਸਰਪ੍ਰਸਤ ਜੱਸੀ ਧਰੌੜ ਸਾਹਨੇਵਾਲ ਆਦਿ ਸ਼ਾਮਲ ਹੋਏ। ਜਿਨ੍ਹਾਂ ਨੇ ਬਹੁਤ ਖ਼ੂਬਸੂਰਤ ਰਚਨਾਵਾਂ ਗੀਤਾਂ, ਗ਼ਜ਼ਲਾਂ ਅਤੇ ਕਵਿਤਾਵਾਂ ਰਾਹੀਂ ਆਪਣੀ ਹਾਜ਼ਰੀ ਲਗਵਾਈ। ਅੰਤ ਵਿੱਚ ਮੈਡਮ ਗੁਰਜੀਤ ਕੌਰ ਅਜਨਾਲਾ ਜੀ ਅਤੇ ਰਣਬੀਰ ਸਿੰਘ ਪ੍ਰਿੰਸ ਜੀ ਦੁਆਰਾ ਮੰਚ ਕਲਮਾਂ ਦਾ ਕਾਫ਼ਲਾ ਵੱਲੋਂ ਸਾਰੇ ਭਾਗ ਲੈਣ ਵਾਲੇ ਕਵੀ/ਕਵਿਤਰੀਆਂ ਅਤੇ ਜੱਸੀ ਧਰੌੜ ਸਾਹਨੇਵਾਲ ਜੀ ਦਾ ਪੋਸਟਰ ਤੇ ਸਰਟੀਫਿਕੇਟ ਜਾਰੀ ਕਰਨ ਅਤੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।



# ਕਈ ਬੇਹਤਰੀਣ ,ਤਰੋਤਾਜ਼ਗੀ ਭਰੇ ਖ਼ੂਬਸੂਰਤ ਕੰਟੈਂਟ ਬੇਸਡ ਪੰਜਾਬੀ ਸਿਨੇਮਾ ਖੇਤਰ ਵਿੱਚ ਦਰਸ਼ਕਾਂ ਨੂੰ ਮਿਲਣਗੇ -ਬਾਲੀਵੁੱਡ ਨਿਰਦੇਸ਼ਕ ਵਰੁਣ ਬਿੱਲਾ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ



ਬਾਲੀਵੁੱਡ ਗਲਿਆਰਿਆਂ ਵਿੱਚ ਮਾਣਮੱਤੀ ਭੱਲ ਸਥਾਪਿਤ ਕਰ ਚੁੱਕੇ ਲਾਈਨ ਨਿਰਮਾਤਾ ਅਤੇ ਨਿਰਦੇਸ਼ਕ ਵਰੁਣ ਬਿੱਲਾ ਹੁਣ ਬਤੌਰ ਫਿਲਮ ਪੇਸ਼ਕਰਤਾ ਪੰਜਾਬੀ ਸਿਨੇਮਾ ਖੇਤਰ ਵਿੱਚ ਵੀ ਮਜਬੂਤ ਪੈੜਾ ਸਿਰਜਣ ਵੱਲ ਆਪਣੇ ਕਦਮ ਅੱਗੇ ਵਧਾ ਚੁੱਕੇ ਹਨ , ਜੋ ਨਿਰਮਾਤਾ ਦੇ ਰੂਪ ਵਿਚ ਆਪਣੀ ਪਲੇਠੀ ਅਤੇ ਬਿਗ ਸੈਟਅੱਪ ਪੰਜਾਬੀ ਫ਼ਿਲਮ ਦਾ ਆਗਾਜ਼ ਜਲਦ ਕਰਨ ਜਾ ਰਹੇ ਹਨ।

ਮੂਲ ਰੂਪ ਵਿਚ ਦਿੱਲੀ ਨਾਲ ਸਬੰਧਤ ਇਸ ਹੋਣਹਾਰ ਅਤੇ ਪ੍ਰਤਿਭਾਵਾਨ ਸਿਨੇਮਾਂ ਸ਼ਖਸ਼ੀਅਤ ਨਾਲ ਉਨਾਂ ਦੇ ਜੀਵਨ , ਫਿਲਮ ਕਰਿਅਰ ਅਤੇ ਅਗਾਮੀ ਪਰਿਯੋਜਨਾਵਾਂ ਨੂੰ ਲੈ ਕੇ ਗੱਲਬਾਤ ਕੀਤੀ ਗਈ ਤਾਂ ਉਨਾਂ ਦੱਸਿਆ ਕਿ ਜਨਮ 12 ਅਗਸਤ 1993 ਨੂੰ ਨਵੀਂ ਦਿੱਲੀ 'ਚ ਹੋਇਆ , ਜਿੰਨਾਂ ਦੇ ਪਿਤਾ ਸਵ ਨਰਿੰਦਰ ਬਿੱਲਾ ਇਥੋਂ ਦੀਆਂ ਸਤਿਕਾਰਿਤ ਸਮਾਜਸੇਵੀ ਹਸਤੀਆਂ ਵਿਚ ਅਪਣਾ ਸ਼ੁਮਾਰ ਕਰਵਾਉਂਦੇ ਸਨ , ਜਿੰਨਾਂ ਦੇ ਦਿਖਾਏ ਮਾਰਗ ਦਰਸ਼ਨ ਤੇ ਚਲਦਿਆ ਉਹ ਖੁਦ ਵੀ ਸਮਾਜਿਕ ਫਰਜ ਨਿਭਾਉਣ ਵਿਚ ਮੋਹਰੀ ਯੋਗਦਾਨ ਪਾ ਰਹੇ ਹਨ ।



ਉਤਰ ਭਾਰਤ ਵਿਚ ਸੰਪੂਰਨ ਹੋਣ ਵਾਲੀਆ ਫਿਲਮਾ,ਵੈਬ- ਸੀਰੀਜ਼ ਅਤੇ ਮਿਊਜ਼ਿਕ ਵੀਡੀਓਜ਼ ਨੂੰ ਚਾਰ ਚੰਨ ਲਾਉਣ ਵਿਚ ਅਹਿਮ ਭੂਮਿਕਾ ਨਿਭਾ ਰਹੇ ਇਹ ਅਨੁਭਵੀ ਲਾਈਨ ਨਿਰਮਾਤਾ , ਨਿਰਦੇਸ਼ਕ ਅਤੇ ਨਿਰਮਾਤਾ ਦੇ ਤੌਰ ਤੇ ਵੀ ਕਈ ਪ੍ਰੋਜੋਕਟਸ ਨੂੰ ਸਾਹਮਣੇ ਲਿਆਉਣ ਦਾ ਮਾਣ ਹਾਸਿਲ ਕਰ ਚੁੱਕੇ ਹਨ । ਇੰਟਰਨੈਸ਼ਨਲ ਅਤੇ ਬਾਲੀਵੁੱਡ ਪ੍ਰੋਜੈਕਟਾਂ ਨੂੰ ਦਿੱਲੀ, ਉਤਰ ਪ੍ਰਦੇਸ਼ ਆਦਿ ਵਿੱਚ ਕੁਸ਼ਲਤਾਪੂਰਵਕ ਨੇਪਰੇ ਚੜਾਉਣ ਵਾਲੇ ਇਸ ਸ਼ਾਨਦਾਰ ਸਿਨੇਮਾ ਉਦਮੀ ਵੱਲੋਂ ਹੁਣ ਤੱਕ ਦੇ ਕਰਿਅਰ ਦੌਰਾਨ ਸੁਪਰਵੀਜ਼ਨ ਕੀਤੀਆਂ ਗਈਆਂ ਫਿਲਮਾਂ ਅਤੇ ਹੋਰਨਾਂ ਪ੍ਰੋਜੋਕਟਸ ਦੀ ਗੱਲ ਕੀਤੀ ਜਾਵੇ ਤਾਂ ਇੰਨਾਂ ਵਿੱਚ ਸੰਜੇ ਦੱਤ ਸਟਾਰਰ 'ਭੂਮੀ' , ਨਿਰਦੇਸ਼ਕ ਹੇਮੰਤ ਸ਼ਰਨ ਦੀ ਮੁਕਲ ਦੇਵ ਨਾਲ 'ਧੂਪ ਛਾਂਵ , 'ਅੰਤਰਯਾਤਰੀ ਮਹਾਂਪੁਰਸ਼', ਵੈਬ-ਸੀਰੀਜ਼ 'ਝੋਲਾਛਾਪ', ' ਬਦਨਾਮ ਗਲੀ" (ਜੀ5), 'ਚਾਚਾ ਵਿਧਾਇਕ ਹੈ ਹਮਾਰੇ' ਤੋਂ ਇਲਾਵਾ ਮਿਊਜ਼ਿਕ ਵੀਡੀਓਜ਼ ਵਿਚ ਰਾਹਤ ਫਤਿਹ ਅਲੀ ਖਾਨ ਦੇ 'ਸੁਣ ਯਾਰਾਂ' ਅਤੇ 'ਰੋਂਦੇ ਨੈਣ ਨਿਮਾਣੇ' , ਸ਼ਾਹਿਦ ਮਾਲਿਆ ਦਾ 'ਮੋਲਾ ਮਿਲਾ ਦੇ' , ਬਰੇਲ ਨਾਲ 'ਕਾਸ਼ਨੀ ਅਤੇ ਕਿਲਰ' , ਮਸੂਮ ਸ਼ਰਮਾਂ -ਆਸ਼ੂ ਟਿਵੰਕਲ ਨਾਲ 'ਥਰੀ ਰੂਲਜ਼', ਨੀਤੀ ਮੋਹਨ -ਰਣਬੀਰ ਦਾ 'ਤੇਰੇ ਮੇਰੇ ਦਰਮਿਆਨ' , ਦੀਪ ਪ੍ਰਿੰਸ ਦਾ 'ਗੁਡਵਿਲ', ਐਮ ਡੈਵ ਦਾ 'ਕਿਆ ਕਹਿਣੇ' ਆਦਿ ਸ਼ਾਮਿਲ ਰਹੇ ਹਨ।

ਹਿੰਦੀ ਤੋਂ ਬਾਅਦ ਹੁਣ ਪੰਜਾਬੀ ਸਿਨੇਮਾ ਖੇਤਰ ਵਿੱਚ ਕੁਝ ਖਾਸ ਕਰਨ ਲਈ ਯਤਨਸ਼ੀਲ ਹੋ ਚੁੱਕੇ ਨਿਰਮਾਤਾ ਵਰੁਣ ਬਿੱਲਾਂ ਨਾਲ ਉਨਾਂ ਦੀਆਂ ਇਸ ਦਿਸ਼ਾ ਵਿੱਚ ਆਗਾਮੀ ਪਰਿ-ਯੋਜਨਾਵਾਂ ਸਬੰਧੀ ਗੱਲ ਕੀਤੀ ਗਈ ਤਾਂ ਉਨਾਂ ਦੱਸਿਆ ਕਿ ਬਤੋਰ ਪ੍ਰੋਜੋਟਰ ਅਤੇ ਨਿਰਮਾਣਕਾਰ ਕੁਝ ਅਲਹਦਾ ਪਾਲੀਵੁੱਡ ਪ੍ਰੋਜੈਕਟ ਸਾਹਮਣੇ ਲਿਆਉਣ ਦਾ ਇਰਾਦਾ ਹੈ, ਜੋ ਫਾਰਮੂਲਾ ਦੀ ਬਜਾਏ ਅਜਿਹੇ ਬੇਹਤਰੀਣ ਕੰਟੈਂਟ ਬੇਸਡ ਹੋਣਗੇ, ਜਿੰਨਾਂ ਦੁਆਰਾ ਤਰੋਤਾਜ਼ਗੀ ਭਰੇ ਅਤੇ ਉਮਦਾ ਸਿਨੇਮਾ ਸਿਰਜਣ ਦੇ ਕਈ ਖ਼ੂਬਸੂਰਤ ਰੰਗ ਦਰਸ਼ਕਾਂ ਨੂੰ ਵੇਖਣ ਨੂੰ ਮਿਲਣਗੇ। ਉਨਾਂ ਅੱਗੇ ਦੱਸਿਆ ਕਿ ਬਿਗ ਸੈਟਅੱਪ ਅਧੀਨ ਬਣਾਈ ਜਾਣ ਵਾਲੀ ਉਨਾਂ ਦੀ ਪਲੇਠੀ ਨਿਰਮਿਤ ਪੰਜਾਬੀ ਫ਼ਿਲਮ ਦੀ ਰਸਮੀ ਅਨਾਊਸਮੈਂਟ ਜਲਦ ਕਰ ਦਿੱਤੀ ਜਾਵੇਗੀ, ਜਿਸ ਵਿਚ ਬਾਲੀਵੁੱਡ ਦੇ ਕਈ ਨਾਮੀ ਚਿਹਰਿਆਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ ।

# ਬਲਦੇ ਬਿਰਖ ਦੀ ਛਾਂ ਵਰਗਾ ਸੀ ਡਾ.ਜਗਤਾਰ

## 30 ਮਾਰਚ 2010 ਨੂੰ ਸਦੀਵੀ ਅਲਵਿਦਾ ਕਹਿ ਗਿਆ ਡਾ. ਜਗਤਾਰ ਯਾਦ ਆਇਆ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਬਲਦੇ ਬਿਰਖ ਦੀ ਛਾਂ ਜਿਹਾ ਸੀ ਪੰਜਾਬੀ ਸ਼ਾਇਰ ਡਾ. ਜਗਤਾਰ। ਜੜ੍ਹਾਂ ਸਲਾਮਤ, ਚਾਰ-ਚੁਫੇਰੇ ਫੈਲਿਆ, ਪਰ ਹਰ ਪਲ ਬੇਚੈਨ। ਉਸਦੇ ਟਾਹਣਾਂ ਨਾਲ ਹਿੰਮਤੀ ਬੰਦਾ ਹੀ ਪੀਂਘ ਪਾ ਸਕਦਾ ਸੀ। ਮੈਨੂੰ ਮਾਣ ਹੈ ਕਿ ਮੈਂ ਡਾ. ਜਗਤਾਰ ਦੇ ਟਾਹਣਾਂ ਨਾਲ ਕਈ ਵਰ੍ਹੇ ਲਗਾਤਾਰ ਪਿਆਰ ਪੀਂਘਾ ਝੂਟੀਆਂ ਹਨ। ਉਹ ਦਹਿਸ਼ਤ ਗਰਦ ਨਹੀਂ ਸੀ, ਪਰ ਸਾਹਿਤ ਦੇ ਖੇਤਰ 'ਚ ਬਹੁਤ ਬੰਦੇ ਉਸਤੋਂ ਕੰਨ ਭੰਨਦੇ ਸਨ। ਨੇੜੇ ਆਉਣ ਤੋਂ ਤ੍ਰਭਕਦੇ।

ਹੱਥ ਨਾ ਲਾਈਂ ਕਸੁੰਭੜੇ, ਜਲ ਜਾਸੀ ਢੋਲਾ।

ਮੈਂ ਕਸੁੰਭੜਾ ਚੁਣਿਆ ਹੈ, ਇਸਦੇ ਪੱਕੇ ਚੌਲ ਝਾੜ-ਝਾੜ ਦੱਬੇ ਹਨ। ਚਿੱਟੇ-ਚਿੱਟੇ ਕਸੁੰਬੜੇ ਦੇ ਬੀਜ। ਕੰਡਿਆਲੇ ਫੁੱਲਾਂ 'ਚ ਏਨੀ ਕੋਮਲਤਾ ਵੀ ਹੋ ਸਕਦੀ ਹੈ, ਪਹਿਲੀ ਵਾਰੀ ਅੱਖੀਂ ਵੇਖਿਆ। ਮੈਂ ਡਾ. ਜਗਤਾਰ ਨੂੰ 1970 'ਚ ਪਹਿਲੀ ਵਾਰ ਗੁਰੂ ਨਾਨਕ ਕਾਲਜ ਕਾਲਾ ਅਫਗਾਨਾ (ਗੁਰਦਾਸਪੁਰ) 'ਚ ਹੋਏ ਗੁਰੂ ਨਾਨਕ ਦੇਵ ਸ਼ਤਾਬਦੀ ਕਵੀ ਦਰਬਾਰ 'ਚ ਸੁਣਿਆ। ਮੇਰੇ ਅਧਿਆਪਕ ਤੇ ਸ਼ਾਇਰ ਸੁਰਿੰਦਰ ਗਿੱਲ ਦੀ ਹਿੰਮਤ ਸਦਕਾ ਇਹ ਵਿਸ਼ਾਲ ਕਵੀ ਦਰਬਾਰ ਹੋ ਸਕਿਆ। ਇਸ ਵਿੱਚ ਪ੍ਰੋ. ਮੋਹਨ ਸਿੰਘ, ਸਰਦਾਰ ਸੂਬਾ ਸਿੰਘ, ਸ.ਸ.ਮੀਸ਼ਾ, ਡਾ. ਜਗਤਾਰ, ਸਤਿੰਦਰ ਸਿੰਘ ਨੂਰ, ਹਰਭਜਨ ਸਿੰਘ ਹੁੰਦਲ, ਸੁਰਜੀਤ ਪਾਤਰ, ਕਸ਼ਮੀਰ ਕਾਦਰ, ਡਾ. ਹਰਿਭਜਨ ਸਿੰਘ ਵਰਗੇ ਵੱਡੇ ਸ਼ਾਇਰ ਸ਼ਾਮਿਲ ਹੋਏ। ਕਵੀ ਦਰਬਾਰ 'ਚ ਸੁਰਿੰਦਰ ਗਿੱਲ ਨੇ ਜਦ ਡਾ. ਜਗਤਾਰ ਨੂੰ ਪੇਸ਼ ਕੀਤਾ ਤਾਂ ਦੱਸਿਆ ਕਿ ਅਸਾਂ ਲੋਕਾਂ ਨੇ ਡਾ. ਜਗਤਾਰ ਵਰਗੇ ਪਰਪੱਕ ਸ਼ਾਇਰਾਂ ਨੂੰ ਪੜ੍ਹ-ਪੜ੍ਹ ਕੇ ਲਿਖਣਾ ਸਿਖਿਆ ਹੈ। ਅਸੀਂ ਕੰਨ ਖੜੇ ਕਰ ਲਏ। ਡਾ. ਜਗਤਾਰ ਨੇ ਨਜ਼ਮ ਛੋਹੀ।

ਆਓ ਪੁਰਾਣੀ ਰਸਮ ਦੁਹਰਾਈਏ।

ਇਸ ਨਜ਼ਮ 'ਚ ਗੱਲ ਇਹੀ ਸੀ ਕਿ ਕਿਸੇ ਦੀਵਾਰ, ਛੁੱਟੜ ਖੂਹ ਸਾਂ, ਰੁੱਖ ਦੀ ਖੋੜ 'ਚ ਉੱਗਣ ਦਾ ਕੀ ਫਾਇਦਾ ਜੇ ਉੱਗਣਾ ਹੈ ਤਾਂ ਧਰਤੀ 'ਚ ਉੱਗੀਏ। ਉਸਦਾ ਕਰਾਰਾ ਅੰਦਾਜ਼ ਮੈਨੂੰ ਭਾਇਆ। ਚਿਣ ਕੇ ਬੱਧੀ ਦਸਤਾਰ, ਕਤਰਵੀਂ ਦਾਹੜੀ, ਵੇਖਣ ਨੂੰ ਉਹੋ ਸ਼ਾਇਰ ਘੱਟ ਤੇ ਪੁਲਸ ਅਧਿਕਾਰੀ ਵੱਧ ਲੱਗਦਾ। ਉਸਦਾ ਰੋਅਬਦਾਰ ਸਲੀਕਾ ਉਸਨੂੰ ਆਮ ਸ਼ਾਇਰਾਂ ਤੋਂ ਨਿਖੇੜਦਾ। ਸਕੂਲ ਅਧਿਆਪਕ ਹੋ ਕੇ ਵੀ ਉਹ ਯੂਨੀਵਰਸਿਟੀਆਂ ਦੇ ਪੋਸਟ ਗਰੈਜੂਏਟ ਸਿਲੇਬਸ 'ਚ ਪੜ੍ਹਾਇਆ ਜਾਂਦਾ ਸੀ। ਮੈਨੂੰ ਉਹਨਾਂ ਦੀ ਇੱਕ ਹੋਰ ਨਜ਼ਮ ''ਨਿਆਂਸ਼ਾਲਾ ਵਿੱਚ ਲਿਆਂਦਾ ਗਿਆ ਦੋਸ਼ੀ'' ਤ੍ਰੈਮਾਸਿਕ ਪੱਤਰ ਸਿਰਜਣਾ ਵਿੱਚ ਪੜ੍ਹਨ ਨੂੰ ਮਿਲੀ। ਮੈਂ ਇਹ ਕਵਿਤਾ ਪੜ੍ਹ ਕੇ ਝੰਜੋੜਿਆ ਗਿਆ। ਬਿਲਕੁੱਲ ਨਵਾਂ ਅੰਦਾਜ਼ ਲੱਗਿਆ, ਜਿਵੇਂ ਕਿ ਉਹ ਤੁਹਾਡੇ ਨਾਲ ਗੱਲਾਂ ਕਰਦਾ ਹੈ। 1971 'ਚ ਮੈਂ ਲੁਧਿਆਣੇ ਪੜ੍ਹਨ ਆ ਗਿਆ। ਏਥੇ ਡਾ. ਐੱਸ.ਪੀ. ਸਿੰਘ ਜੀ ਦੇ ਕਹਿਣ 'ਤੇ ਮੈਂ ਡਾ. ਜਗਤਾਰ ਦੀ ਕਾਵਿ ਪੁਸਤਕ 'ਦੁੱਧ ਪੱਥਰੀ' ਪੜ੍ਹੀ। ਉਸਦੇ ਕੁੱਝ ਪੁਰਾਣੇ ਗੀਤ ਸਾਹਿਤਿਕ ਮੈਗਜ਼ੀਨ ਵਿੱਚੋਂ ਪੜ੍ਹੇ। ਇੱਕ ਗੀਤ ਸੀ

'ਹਵਾ ਦੇ ਵਿੱਚ ਉੱਡਦੀ ਫਿਰੇ ਮੇਰੀ ਤਿੱਤਰਾਂ ਵਾਲੀ ਫੁਲਕਾਰੀ।
ਅੱਗੇ ਅੱਗੇ ਮੈਂ ਤੁਰਦੀ, ਮੇਰੇ ਤੁਰਦੇ ਨੇ ਮਗਰ ਸ਼ਿਕਾਰੀ।'

ਇਹ ਗੀਤ ਪੜ੍ਹ ਕੇ ਮੈਂ ਸਰੂਰਿਆ ਗਿਆ। ਇਹਨਾਂ ਦਿਨਾਂ 'ਚ ਹੀ ਉਹਨਾਂ ਦੀ ਕਿਤਾਬ 'ਲਹੂ ਦੇ ਨਕਸ਼' ਆਈ। ਇਸ ਕਿਤਾਬ ਨੇ ਵੀ ਪੂਰੇ ਪੰਜਾਬ

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ ।

ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ ।

ਕਿੰਨੀ ਕੁ ਦੇਰ ਆਖ਼ਿਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ ।

ਇਤਿਹਾਸ ਦੇ ਸਫ਼ੇ 'ਤੇ, ਤੇ ਵਕਤ ਦੇ ਪਰਾਂ 'ਤੇ,
ਉਂਗਲਾਂ ਡੁਬੋ ਲਹੂ ਵਿੱਚ, ਲਿਖਿਆ ਹੈ ਨਾਮ ਤੇਰਾ ।


ਹਰ ਕਾਲ ਕੋਠੜੀ ਵਿੱਚ ਤੇਰਾ ਹੈ ਜ਼ਿਕਰ ਏਦਾਂ,
ਗਾਰਾਂ 'ਚ ਚਾਂਦਨੀ ਦਾ, ਹੋਵੇ ਜਿਵੇਂ ਬਸੇਰਾ ।

ਆ ਆ ਕੇ ਯਾਦ ਤੇਰੀ, ਜੰਗਲ ਗ਼ਮਾਂ ਦਾ ਚੀਰੇ,
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ ।

ਪੈਰਾਂ 'ਚ ਬੇੜੀਆਂ ਨੇ, ਨਚਦੇ ਨੇ ਲੋਕ ਫਿਰ ਵੀ,
ਕਿਉਂ ਵੇਖ ਵੇਖ ਉੱਡਦੈ, ਚਿਹਰੇ ਦਾ ਰੰਗ ਤੇਰਾ ।

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ।
ਇੱਕ ਹੋਰ ਗਜ਼ਲ ਸੀ
ਖੂਨ ਲੋਕਾਂ ਦਾ ਹੈ, ਇਹ ਪਾਣੀ ਨਹੀਂ।
ਇਸਦੀ ਸੁਰਖੀ ਕਦੇ ਜਾਣੀ ਨਹੀਂ।

ਤੇਰੇ ਲਈ ਛਣਕਾ ਕੇ ਲੰਘੇ ਬੇੜੀਆਂ
ਤੂੰ ਹੀ ਸਾਡੀ ਚਾਲ ਪਹਿਚਾਣੀ ਨਹੀਂ।




ਇਸ ਸਮੇਂ ਤੀਕ ਮੈਂ ਡਾ. ਜਗਤਾਰ ਨੂੰ ਕਦੇ ਨਹੀਂ ਸੀ ਮਿਲਿਆ। ਇਸ ਕਿਤਾਬ ਨੂੰ ਪੜ੍ਹਲ ਕੇ ਮਿਲਣ ਦੀ ਤਾਂਘ ਜਾਗੀ। ਉਦੋਂ ਉਹ ਪੰਜਾਬ ਯੂਨੀਵਰਸਿਟੀ 'ਚ ਜਾ ਚੁੱਕੇ ਸਨ। ਡਾ. ਵਿਸ਼ਵ ਨਾਥ ਤਿਵਾੜੀ ਦੀ ਕੋਸ਼ਿਸ ਸੀ ਕਿ ਡਾ. ਜਗਤਾਰ ਸਕੂਲ ਅਧਿਆਪਨ ਛੱਡ ਕੇ ਯੂਨੀਵਰਸਿਟੀ ਜਾਂ ਕਾਲਜ 'ਚ ਪੜ੍ਹਾਵੇ। ਬਾਬਾ ਫਰੀਦ ਚੇਅਰ ਵਾਂਗ ਹੀ ਜਦ ਭਾਈ ਵੀਰ ਸਿੰਘ ਚੇਅਰ ਦੀ ਸਥਾਪਨਾ ਹੋਈ ਤਾਂ ਡਾ. ਤਿਵਾੜੀ ਇਸ ਚੇਅਰ ਦੇ ਚੇਅਰਮੈਨ ਬਣੇ। ਡਾ. ਜਗਤਾਰ ਇਸ ਯੂਨੀਵਰਸਿਟੀ ਵਿੱਚ ਰਿਸਰਚ ਫੈਲੋ ਵਜੋਂ ਕਾਰਜਸ਼ੀਲ ਸਨ। ਇਸ ਵਕਤ ਹੀ ਉਹਨਾਂ ਪਾਕਿਸਤਾਨ ਦੀ ਪੰਜਾਬੀ ਕਵਿਤਾ ਦਾ ਮੁੱਲਵਾਨ ਸੰਗ੍ਰਹਿ 'ਦੁੱਖ ਦਰਿਆਓਂ ਪਾਰ ਦੇ' ਡਾ. ਜਗਤਾਰ ਨਾਲ ਰਲ ਕੇ ਸੰਪਾਦਿਤ ਕੀਤਾ। ਇਸ ਕਿਤਾਬ ਨੇ ਹੀ ਅਸਲ ਵਿੱਚ ਪਾਕਿਸਤਾਨ 'ਚ ਲਿਖੀ ਜਾ ਰਹੀ ਕਵਿਤਾ ਨੂੰਏਧਰਲੇ ਪੰਜਾਬ ਨਾਲ ਮਿਲਵਾਇਆ। ਭਾਈ ਵੀਰ ਸਿੰਘ ਸੰਦਰਭ ਕੋਸ਼ ਵੀ ਉਹਨਾਂ ਦੀ ਮਹੱਤਵਪੂਰਨ ਖੋਜ ਪੁਸਤਕ ਸੀ। ਇਵੇਂ ਹੀ ਸੂਫੀ ਕਵਿਤਾ 'ਚ 'ਪਿਛੋਕੜ' ਵੀ ਡਾ. ਜਗਤਾਰ ਦੀ ਵਡਮੁੱਲੀ ਕਿਰਤ ਬਣੀ।

ਇਸ ਸਮੇਂ ਦੌਰਾਨ ਮੈਂ 1975-76 'ਚ ਐੱਮ.ਏ. ਕਰਦਿਆਂ ਕਵੀ ਦਰਬਾਰਾਂ 'ਚ ਜਾਣਾ ਸ਼ੁਰੂ ਕਰ ਦਿੱਤਾ ਸੀ। ਇੱਕ ਕਵੀ ਦਰਬਾਰ ਗੌਰਮਿੰਟ ਕਾਲਜ ਫਾਰ ਵਿਮਨ ਪਟਿਆਲਾ 'ਚ ਪ੍ਰੋ. ਮਨੋਹਰ ਕੌਰ ਅਰਪਣ ਜੀ ਨੇ ਕਰਵਾਇਆ। ਜਿਸ ਵਿੱਚ ਸੱਭ ਤੋਂ ਨਿੱਕੀ ਉਮਰ ਦਾ ਕਵੀ ਮੈਂ ਹੀ ਸਾਂ। ਮੈਨੂੰ ਦੱਸਿਆ ਗਿਆ ਕਿ ਸਿਰਜਣਾ 'ਚ ਛਪੀ ਮੇਰੀ ਕਵਿਤਾ 'ਸ਼ੀਸ਼ਾ ਝੂਠ ਬੋਲਦਾ ਹੈ' ਸਦਕਾ ਪ੍ਰੋ. ਮਨੋਹਰ ਕੌਰ ਦੇ ਪਤੀ ਤੇ ਪ੍ਰਸਿੱਧ ਨਾਟਕਕਾਰ ਡਾ. ਸੁਰਜੀਤ ਸਿੰਘ ਸੇਠੀ ਨੇ ਮੇਰੀ ਸਿਫਾਰਸ਼ ਕੀਤੀ ਸੀ। ਇਸ ਕਵੀ ਦਰਬਾਰ 'ਚ ਡਾ. ਜਗਤਾਰ ਨੂੰ ਮੈਂ ਪਹਿਲੀ ਵਾਰ ਮਿਲਿਆ। ਮਿਲਾਇਆ ਵੀ ਵੱਡੇ ਵੀਰ ਤੇ ਸ਼ਾਇਰ ਤਿਰਲੋਚਨ (ਬੱਤਾ) ਰੋਪੜ ਵਾਲੇ ਨੇ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜੀ ਨੇ ਕੀਤੀ ਸੀ।

ਕਵੀ ਦਰਬਾਰ ਤੋਂ ਬਾਦ ਤਿਰਲੋਚਨ ਟਹਿਲ ਸੇਵਾ ਲਈ ਡਾ. ਜਗਤਾਰ ਨੂੰ ਆਪਣੇ ਕਮਰੇ ਵਿੱਚ ਲੈ ਕੇ ਜਾਣਾ ਚਾਹੁੰਦਾ ਸੀ। ਡਾ. ਜਗਤਾਰ ਨੇ ਮੈਨੂੰ ਵੀ ਨਾਲ ਤੋਰ ਲਿਆ। ਮੈਂ ਲੁਧਿਆਣਿਓਂ ਡਾ. ਰਣਧੀਰ ਸਿੰਘ ਚੰਦ ਨਾਲ ਬੱਸ ਚੜ੍ਹ ਕੇ ਪਟਿਆਲੇ ਗਿਆ ਸਾਂ। ਉਦੋਂ ਇਹੀ ਰਿਵਾਜ਼ ਸੀ, ਹੁਣ ਵਾਂਗ ਕਾਰਾਂ ਵਾਲੇ ਕਵੀ ਨਹੀਂ ਸਨ ਹੁੰਦੇ। ਚੰਦ ਤੇ ਡਾ. ਜਗਤਾਰ ਦਾ ਮਨ ਮੁਟਾਵ ਜੱਗ ਜਾਹਰ ਸੀ। ਦੋਹਾਂ ਦਾ ਪਹਿਲਾਂ ਪਿਆਰ ਵੀ ਮਿਸਾਲੀ ਸੀ ਤੇ ਮਗਰੋਂ ਦੁਸ਼ਮਣੀ ਵੀ। ਦੋਵੇਂ ਇੱਕ ਦੂਜੇ ਨੂੰ ਭੋਰਾ ਨਹੀਂ ਸੀ ਜਰਦੇ। ਡਾ. ਚੰਦ ਨੇ ਜਗਤਾਰ ਨਾਲ ਤੁਰਨਾ ਨਹੀਂ ਸੀ ਤੇ ਮੇਰੀ ਨਾਂਹ ਕਰਨ ਦੀ ਹਿੰਮਤ ਨਾ ਪਵੇ। ਅਖੀਰ ਤਿਰਲੋਚਨ ਨੇ ਡਾ. ਚੰਦ ਨੂੰ ਨਾਲ ਤੁਰਨ ਲਈ ਮਨਾਂ ਲਿਆ। ਅੱਧਾ ਪੌਣਾ ਕਿਲੋਮੀਟਰ ਤੁਰੇ ਜਾਂਦਿਆਂ ਤਿਰਲੋਚਨ ਨੇ ਸੁਲਾਹ ਸਫਾਈ ਦੀ ਗੱਲ ਛੋਹ ਕੇ ਕਮਰੇ ਤੀਕ ਪਹੁੰਚਣ ਤੋਂ ਪਹਿਲਾਂ ਦੋਹਾਂ ਨੂੰ ਬਗਲਗੀਰ ਕਰ ਦਿੱਤਾ। ਇਸ ਮਗਰੋਂ ਦੋਵੇਂ ਅੱਥਰੂ ਅੱਥਰੂ ਸਨ। ਸਿਆਣੀ ਉਮਰ ਦੇ ਸ਼ਾਇਰ ਮੈਂ ਪਹਿਲੀ ਵਾਰ ਪਛਤਾਵੇ ਦੇ ਅੱਥਰੂ ਕੇਰਦੇ ਦੇਖੇ। ਹੁਣ ਦੇ ਸਮੇਂ 'ਚ ਤਾਂ ਫਾਲ ਲਾਉਣ ਦਾ ਵੇਲਾ ਨਹੀਂ ਖੁੰਝਾਉਂਦੇ।

ਇਸ ਮੁਲਾਕਾਤ ਤੋਂ ਮਗਰੋਂ ਡਾ. ਜਗਤਾਰ ਮੇਰੇ ਲਈ ਵੱਡੇ ਭਾਈ ਬਣ ਗਏ। ਉਹਨਾਂ ਦੀ ਹਰ ਪੁਸਤਕ ਨੂੰ ਸੱਭ ਤੋਂ ਪਹਿਲਾਂ ਖਰੀਦ ਕੇ ਪੜ੍ਹਨਾ ਮੇਰਾ ਸ਼ੌਂਕ ਬਣ ਗਿਆ। ਡਾ. ਜਗਤਾਰ ਦੀ ਗਜ਼ਲ ਤੇ ਨਜ਼ਮ ਦਾ ਇੱਕੋ ਜਿਹਾ ਕਦਰਦਾਨ ਹਾਂ। ਵਾਰਤਕ ਵਿੱਚ ਤਾਂ ਉਹ ਹੋਰ ਵੀ ਤਰਲ ਹੋ ਜਾਂਦੇ।

ਡਾ. ਜਗਤਾਰ ਦਾ ਸ਼ੌਂਕ ਪੁਰਾਣੇ ਸਿਕਿਆਂ ਨੂੰ ਇਕੱਠਾ ਕਰਨਾ ਵੀ। ਪੁਰਾਣੇ ਕੰਧ ਚਿੱਤਰਾਂ ਨੂੰ ਕੈਮਰਾ ਫੋਟੋਆਂ ਰਾਹੀਂ ਉਹਨਾਂ ਬਹੁਤ ਫਿਰ ਤੁਰ ਕੇ ਸੰਭਾਲਿਆ। ਉਹਨਾਂ ਦਾ ਇਹ ਖੋਜ ਕਾਰਜ ਹਾਲੇ ਤੀਕ ਅਣਛਪਿਆ ਪਿਆ ਹੈ। ਪਰਵਾਰ ਦੀ ਮਦਦ ਨਾਲ ਇਹ ਕੰਮ ਪੰਜਾਬ ਦੀ ਕਿਸੇ ਯੂਨੀਵਰਸਿਟੀ ਜਾਂ ਆਰਟ ਕੌਂਸਲ ਨੂੰ ਕਰ ਲੈਣਾ ਚਾਹੀਦਾ ਹੈ।

ਕੰਧ ਚਿੱਤਰਾਂ ਬਾਰੇ ਗੱਲ ਛੇੜ ਲਵੋ ਤਾਂ ਉਹ ਘੰਟਿਆਂ ਬੱਧੀ ਬੋਲਦੇ। ਮੰਦਰਾਂ, ਗੁਰਦੁਆਰਿਆਂ ਤੇ ਸਾਂਝੇ ਭਵਨਾਂ ਅੰਦਰ ਬਣੇ ਹੋਏ ਕੰਧ ਚਿੱਤਰਾਂ ਦੀ ਵਿਆਖਿਆ ਹੋਰ ਵੀ ਰਸਵੰਤੀ ਹੋ ਜਾਂਦੀ, ਜਦ ਡਾ. ਜਗਤਾਰ ਦੱਸਦੇ।

ਮੇਰੀ ਗਜ਼ਲ ਪੁਸਤਕ 'ਮਨ ਦੇ ਬੂਹੇ ਬਾਰੀਆਂ' ਦਾ ਮੁੱਖਬੰਦ ਲਿਖਦਿਆਂ ਉਹਨੇ ਮੈਨੂੰ ਨਿਰੋਲ ਪੰਜਾਬੀ ਗਜ਼ਲ ਦਾ ਸਿਰਜਕ ਕਿਹਾ। ਮੈਨੂੰ ਯਕੀਨ ਨਾ ਆਵੇ ਕਿ ਇਹ ਸਨਦ ਡਾ. ਜਗਤਾਰ ਨੇ ਜਾਰੀ ਕੀਤੀ ਹੈ। ਜੋ ਆਪ ਗਜ਼ਲ ਯੂਨੀਵਰਸਿਟੀ ਦਾ ਅਣਐਲਾਨਿਆ ਵਾਈਸ ਚਾਂਸਲਰ ਹੈ।

ਡਾ. ਜਗਤਾਰ ਕੋਲੋਂ ਸਿੱਖਣ ਲਈ ਬਹੁਤ ਕੁੱਝ ਸੀ। ਉਹ ਮਰੇ ਰਿਸ਼ਤਿਆਂ ਦਾ ਭਾਰ ਨਹੀਂ ਸੀ ਢੋਂਦੇ। ਆਪਣੇ ਆਭਾ ਮੰਡਲ 'ਚ ਸਿਰਫ ਉਹਨਾਂ ਰੂਹਾਂ ਨੂੰ ਹੀ ਦਾਖਲਾ ਦਿੰਦੇ, ਜੋ ਉਹਨਾਂ ਦੀਆਂ ਕੌੜੀਆਂ ਕੁਸੈਲੀਆਂ ਦੇ ਅਰਥ ਸਮਝਦੇ ਹੋਣ। ਅਨਰਥ ਨਾ ਕਰਨ। 2001 ਵਿੱਚ ਮੈਨੂੰ ਡਾ. ਜਗਤਾਰ ਦੀ ਸੰਗਤ ਪੂਰਾ ਇੱਕ ਹਫਤਾ ਮਾਨਣ ਦਾ ਮੌਕਾ ਮਿਲਿਆ। ਲਹੌਰ 'ਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਦੇ ਡੈਲੀਗੇਟ ਵਜੋਂ ਡਾ. ਸਤਿੰਦਰ ਸਿੰਘ ਨੂਰ ਨੇ ਡਾ. ਜਗਤਾਰ, ਅਜਮੇਰ ਸਿੰਘ ਔਲਖ, ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਸਰਵਣ ਸਿੰਘ, ਸੁਖਦੇਵ ਸਿੰਘ ਸਿਰਸਾ, ਇੰਦਰਜੀਤ ਹਸਨਪੁਰੀ ਅਤੇ ਹੋਰ ਲਿਖਾਰੀਆਂ ਦੇ ਨਾਲ ਹੀ ਮੈਨੂੰ ਵੀ ਡੈਲੀਗੇਸ਼ਨ 'ਚ ਸ਼ਾਮਲ ਕਰ ਲਿਆ। ਡਾ. ਜਗਤਾਰ ਦਾ ਪਾਕਿਸਤਾਨ 'ਚ ਰਾਜਭਾਗ ਵੇਖਣ ਵਾਲਾ ਹੀ ਸੀ। ਉਹਨਾਂ ਦੇ ਮਿੱਤਰਾਂ 'ਚੋਂ ਅੱਬਾਸ ਅਤਹਰ ਨਾਲ ਹੁੰਦੀ ਚੁੰਜ ਚਰਚਾ ਮੇਰੀ ਯਾਦ ਪੋਟਲੀ 'ਚ ਸਾਂਭੀ ਪਈ ਹੈ। ਅਬਦੁਲ ਕਰੀਮ ਕੁਦਸੀ ਵਰਗੇ ਪ੍ਰਪੱਕ ਸ਼ਾਇਰ ਨਾਲ ਡਾ. ਜਗਤਾਰ ਦੀ ਦੋਸਤੀ ਸੀ। ਕੁਦਸੀ ਦੇ ਭਣੇਵੇਂ ਇਕਬਾਲ ਨਾਲ ਅਸੀਂ ਨਨਕਾਣਾ ਸਾਹਿਬ ਦੇ ਦਰਸ਼ਨ ਕਰਕੇ ਆਏ। ਇਕਬਾਲ ਕਾਰ ਚਲਾ ਰਿਹਾ ਸੀ। ਮੈਂ ਅਗਲੀ ਸੀਟ 'ਤੇ ਸੀ ਤੇ ਪਿਛਲੀ ਸੀਟ 'ਤੇ ਇੱਕ ਪਾਸੇ ਕੁਦਸੀ ਤੇ ਦੂਜੇ ਬੰਨੇ ਡਾ. ਜਗਤਾਰ। ਵਿਚਕਾਰ ਸੁਖਦੇਵ ਸੀ। ਸੁਖਦੇਵ ਨੂੰ ਕਾਰ ਦੀ ਹੁੱਡ ਚੁੱਭੇ ਅਤੇ ਉੱਪਰੋਂ ਡਾ. ਜਗਤਾਰ ਦੀ ਤਲਖ ਕਲਾਮੀ ਦਾ ਸੇਕ। ਪਤਾ ਨਹੀਂ ਦਿਨ ਕਿਹੋ ਜਿਹਾ ਸੀ, ਰਾਹ 'ਚ ਕਾਰ ਦੋ ਵਾਰ ਪੰਚਰ ਹੋਈ। ਡਾ. ਜਗਤਾਰ ਦਾ ਪਾਰਾ ਸੱਤਵੇਂ ਅਸਮਾਨ 'ਤੇ ਅਖੇ ਕਾਰ ਵਾਰ-ਵਾਰ ਕਿਉਂ ਪੰਚਰ ਹੋ ਰਹੀ ਹੈ, ਸ਼ੇਖੂਪੁਰਾ ਪਹੁੰਚ ਕੇ ਟਿਊਬਾਂ ਬਦਲਾਉਣ ਲੱਗੇ ਤਾਂ ਦੁਕਾਨਦਾਰ ਕਹੇ, ਟਿਊਬਾਂ ਤਾਂ ਹੁਣ ਕੋਈ ਪਵਾਉਂਦਾ ਨਹੀਂ, ਟਿਊਬਲੈੱਸ ਟਾਇਰ ਪਵਾ ਲਵੋ। ਡਾ. ਜਗਤਾਰ ਦਾ ਅਦੇਸ਼ ਸੀ। ਪਰ ਕਿਉਂ ? ਅਗਲਾ ਸਿਆਪਾ ਇਹ ਕਿ ਟਾਇਰ ਤਾਂ ਲੈ ਲਏ, ਪਰ ਫਿੱਟ ਨਾ ਹੋਣ। ਅਖੇ ਟਿਊਬਲੈੱਸ ਟਾਇਰ ਦੇ ਰਿੰਮ ਹੋਰ ਹੁੰਦੇ ਨੇ। ਡਾ. ਜਗਤਾਰ ਕਿਹਾ, ਇਹ ਵੀ ਪਾ ਦਿਓ। ਸ਼ਹਿਨਸ਼ਾਹੀ ਹੁਕਮ ਹੋ ਰਿਹਾ ਸੀ। ਬਿੱਲ ਬਣਾਇਆ ਤਾਂ ਡਾ. ਜਗਤਾਰ ਬਟੂਆ ਕੱਢ ਕੇ ਬਹਿ ਗਿਆ, ਅਖੇ ਭਾਣਜੇ ਪੈਸੇ ਮੈਂ ਦਿਆਂਗਾ। ਪਰ ਇਕਬਾਲ ਨੇ ਹੁਕਮ ਅਦੂਲੀ ਕਰਕੇ ਕਰੈਡਿਟ ਕਾਰਡ ਘਸਾ ਦਿੱਤਾ। ਇਹ ਸੀ ਸਾਡਾ ਬੇਤਾਜ ਬਾਦਸ਼ਾਹ।

ਡਾ. ਜਗਤਾਰ ਮੇਰੇ ਨਾਲ ਕਵੀ ਦਰਬਾਰ 'ਚ ਡਾ. ਜੋਗਿੰਦਰ ਕੈਰੋਂ ਵੱਲੋਂ ਸ਼ਰਾਬੀ ਹਾਲਤ 'ਚ ਕੀਤੀ ਬਦਸਲੂਕੀ ਦਾ ਜਦ ਡਾ. ਜਗਤਾਰ ਨੂੰ ਪਤਾ ਲੱਗਾ, ਤਾਂ ਉਹ ਉੱਬਲਿਆ ਫਿਰੇ। ਇਹ ਉਬਾਲ ਡਾ. ਜਗਤਾਰ ਨੇ ਆਪਣੇ ਪਾਕਿਸਤਾਨੀ ਸਫਰਨਾਮੇ "ਸਤਿਲੁਜ ਤੋਂ ਹੜੱਪਾ ਤੀਕ"ਚ ਅੱਖਰ ਅੱਖਰ ਲਿਖ ਦਿੱਤਾ ਤਾਂ ਕਿ ਸਨਦ ਰਹੇ। ਡਾ. ਜਗਤਾਰ ਕਵੀ ਦਰਬਾਰ 'ਚ ਸ਼ਾਮਿਲ ਨਹੀਂ ਸੀ ਹੋਇਆ, ਪਰ ਉਸਨੂੰ ਉੱਥੇ ਹੀ ਸਮਝੋ। ਪ੍ਰਧਾਨਗੀ ਮੰਡਲ 'ਚ ਬੈਠੇ ਵੱਡੇ ਕਵੀ ਮੁਨੀਰ ਨਿਆਜ਼ੀ ਕਤੀਲ ਸ਼ਿਫਾਈ, ਅਹਿਮਦ ਰਾਹੀ ਅਤੇ ਪ੍ਰੋ. ਸ਼ਰੀਫ ਕੁੰਜਾਹੀ ਵਾਰ-ਵਾਰ ਸਾਨੂੰ ਡਾ. ਜਗਤਾਰ ਬਾਰੇ ਹੀ ਪੁੱਛਦੇ ਰਹੇ ਕਿ ਸਰਦਾਰ ਜੀ ਕਿਉਂ ਨਹੀਂ ਆਏ ।

ਡਾ. ਜਗਤਾਰ ਜਦ ਵੀ ਕਦੇ ਲੁਧਿਆਣੇ ਆਉਂਦੇ ਤਾਂ ਸੁਨੇਹਾ ਭੇਜ ਕੇ ਬੁਲਾ ਲੈਂਦੇ। ਸਦੀਵੀ ਅਲਵਿਦਾ ਤੋਂ ਕੁਝ ਸਮਾਂ ਪਹਿਲਾਂ ਹੀ ਉਹ ਲੁਧਿਆਣੇ ਦੇ ਮੈਡੀਸਿਟੀ ਹਸਪਤਾਲ 'ਚ ਆਪਣੇ ਡਾਕਟਰ ਕੋਲ ਆਏ, ਤਾਂ ਵਾਪਸੀ 'ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ 'ਚ ਮੇਰੇ ਕਮਰੇ ਅੰਦਰ ਪਹੁੰਚ ਗਏ। ਗਰਮੀ ਬਹੁਤ ਸੀ। ਮੈਂ ਆਪਣੇ ਉੱਚ ਅਧਿਕਾਰੀ ਦੇ ਠੰਡੇ ਕਮਰੇ 'ਚ ਲੈ ਗਿਆ। ਮੈਨੂੰ ਸਮਝ ਨਾ ਪਵੇ ਕਿ ਕੀ ਕਰਾਂ, ਏਡਾ ਵੱਡਾ ਸ਼ਾਇਰ ਬੀਮਾਰੀ ਦੀ ਹਾਲਤ ਮਿਲਣ ਆਇਆ। ਪਹਿਲਾ ਫਿਕਰਾ ਸੀ, 'ਬਹੁਤ ਦਿਨਾਂ ਤੋਂ ਤੈਨੂੰ ਮਿਲਣਾ ਚਾਹੁੰਦਾ ਸਾਂ।'

ਸਾਡੀ ਯੂਨੀਵਰਸਿਟੀ ਦੇ ਉਦੋਂ ਡਾ. ਮਨਜੀਤ ਸਿੰਘ ਕੰਗ ਵਾਈਸ ਚਾਂਸਲਰ ਸਨ। ਕਿਸੇ ਕੰਮ ਲਈ ਉਹਨਾਂ ਮੈਨੂੰ ਫੋਨ 'ਤੇ ਬੁਲਾਇਆ ਤਾਂ ਮੈਂ ਦੱਸਿਆ ਕਿ ਡਾ. ਜਗਤਾਰ ਆਏ ਹੋਏ ਨੇ । ਪੰਜ ਮਿੰਟਾਂ 'ਚ ਹੀ ਵਾਈਸ ਚਾਂਸਲਰ ਡਾ. ਮਨਜੀਤ ਸਿੰਘ ਕੰਗ ਸਾਡੇ ਡਾ. ਜਗਤਾਰ ਨੂੰ ਮਿਲਣ ਲਈ ਸਾਡੇ ਦਫਤਰ 'ਚ ਸਨ।

ਲੰਮੀਆਂ ਡਾਰਾਂ ਨੇ ਯਾਦਾਂ ਦੀਆਂ। ਬਾਕੀ ਕਦੇ ਫੇਰ ਸਹੀ।